# ਬੁਲੇਟਿਨ

ਇਨਵਾਇਰਨਮੈਂਟਲ ਹੈਲਥ ਸਰਵਿਸਿਜ਼ ਵਲੋਂ

fraserhealth

# ਖਾਣਿਆਂ ਦੇ ਕਾਰੋਬਾਰਾਂ ਵਿਚ ਚੂਹੇ

ਚੂਹੇ ਆਪਣੇ ਪਿਸ਼ਾਬ, ਬਿੱਠਾਂ ਨਾਲ ਜਾਂ ਆਪਣੇ ਸਰੀਰਾਂ ਨਾਲ ਖਾਣਿਆਂ ਦੀ ਸਪਲਾਈ ਨੂੰ ਗੰਦਾ (ਦੂਸ਼ਿਤ) ਕਰ ਸਕਦੇ ਹਨ। ਚੂਹੇ ਜਦੋਂ ਗਲ ਰਹੇ ਖਾਣੇ ਅਤੇ ਗਾਰਬੇਜ ਉੱਪਰ ਦੀ ਹੌਲੀ ਹੌਲੀ ਜਾਂਦੇ ਹਨ ਜਾਂ ਇਸ ਨੂੰ ਖਾਂਦੇ ਹਨ ਤਾਂ ਉਹ ਸਾਲਮੋਨੇਲਾ ਵਰਗੇ ਜਰਾਸੀਮ ਚੁੱਕ ਲੈਂਦੇ ਹਨ। ਜਦੋਂ ਚੂਹੇ ਰਸੋਈ ਵਿਚ ਖਾਣਿਆਂ ਨੂੰ ਠੂੰਗੇ ਮਾਰਦੇ, ਪਿਸ਼ਾਬ ਅਤੇ ਬਿੱਠਾਂ ਕਰਦੇ ਇਧਰ ਉਧਰ ਜਾਂਦੇ ਹਨ ਤਾਂ ਇਹ ਜਰਾਸੀਮ ਖਾਣਿਆਂ, ਖਾਣਿਆਂ ਦੇ ਕਾਊਂਟਰਾਂ, ਸ਼ੈਲਫਾਂ, ਭਾਂਡਿਆਂ ਆਦਿ ਨਾਲ ਲੱਗ ਜਾਂਦੇ ਹਨ।

ਇਹ ਬੁਲੇਟਿਨ ਚੂਹਿਆਂ ਬਾਰੇ ਅਤੇ ਆਪਣੇ ਖਾਣੇ ਦੇ ਕਾਰੋਬਾਰ ਵਿਚ ਉਨ੍ਹਾਂ ’ਤੇ ਕੰਟਰੋਲ ਕਰਨ ਬਾਰੇ ਮੁਢਲੀ ਜਾਣਕਾਰੀ ਦਿੰਦਾ ਹੈ। ਆਪਣੇ ਕਾਰੋਬਾਰ ਵਿਚ ਚੂਹਿਆਂ ਦੀ ਭਰਮਾਰ ਤੋਂ **ਰੋਕਥਾਮ** ਕਰਨਾ ਜ਼ਰੂਰੀ ਹੈ।

ਜੇ ਚੂਹਿਆਂ ਦੀ ਭਰਮਾਰ ਇੰਨੀ ਗੰਭੀਰ ਹੋ ਜਾਵੇ ਕਿ ਖਾਣਿਆਂ ਦੀ ਸੇਫਟੀ ਦੀ ਗਰੰਟੀ ਨਾ ਦਿੱਤੀ ਜਾ ਸਕਦੀ ਹੋਵੇ ਅਤੇ/ਜਾਂ ਭਾਂਡਿਆਂ ਅਤੇ ਖਾਣਿਆਂ ਦੇ ਸਥਾਨਾਂ ਦੀ ਗੰਦਗੀ ਤੋਂ ਰੋਕਥਾਮ ਨਾ ਕੀਤੀ ਜਾ ਸਕਦੀ ਹੋਵੇ ਤਾਂ ਤੁਹਾਡੇ ਕਾਰੋਬਾਰ ਨੂੰ ਬੰਦ ਕਰਨਾ ਪੈ ਸਕਦਾ ਹੈ।



ਆਪਣੇ ਸਥਾਨਾਂ ਨੂੰ ਚੂਹਿਆਂ ਆਦਿ ਤੋਂ ਮੁਕਤ ਰੱਖਣ ਵਿਚ ਫੇਲ੍ਹ ਹੋਣ ਦਾ ਨਤੀਜਾ ਆਰਡਰ, ਉਲੰਘਣਾ ਲਈ ਟਿਕਟਾਂ ਜਾਰੀ ਕੀਤੇ ਜਾਣ ਜਾਂ ਹੋਰ ਕਾਨੂੰਨੀ ਐਕਸ਼ਨ ਵਿਚ ਵੀ ਨਿਕਲ ਸਕਦਾ ਹੈ।

## ਚੂਹਿਆਂ ਨੂੰ ਕੰਟਰੋਲ ਕਰਨਾ

ਖਾਣਿਆਂ ਦੇ ਕਾਰੋਬਾਰਾਂ ਵਿਚ ਚੂਹਿਆਂ ਦੇ ਕੰਟਰੋਲ ਲਈ ਕਈ ਕੰਮ ਕਰਨ ਦੀ ਲੋੜ ਹੁੰਦੀ ਹੈ। ਹੇਠਾਂ ਚੂਹਿਆਂ ਨੂੰ ਕੰਟਰੋਲ ਕਰਨ ਲਈ ਕੁਝ ਅਸਰਦਾਰ ਉਪਾ ਦਿੱਤੇ ਗਏ ਹਨ:

- ਉਹ ਕੋਈ ਵੀ ਮੋਰੀਆਂ ਜਾਂ ਖੁੱਲ੍ਹੀਆਂ ਥਾਂਵਾਂ ਬੰਦ ਕਰੋ ਜਿੱਥੋਂ ਚੂਹੇ ਅੰਦਰ ਦਾਖਲ ਹੋ ਸਕਦੇ ਹਨ। ਪਾਈਪਾਂ, ਵੈਂਟਾਂ, ਅਤੇ ਡਰੇਨ ਸਪਾਊਟਸ ਦੁਆਲੇ ਥਾਂਵਾਂ ਨੂੰ ਭਰੋ ਜਿੱਥੇ ਉਹ ਬਿਲਡਿੰਗ ਵਿਚ ਇੰਟਰ ਹੁੰਦੇ ਹਨ। ਛੇ ਮਿਲੀਮੀਟਰ (1/4 ਇੰਚ) ਨਾਲੋਂ ਜ਼ਿਆਦਾ ਸਾਰੀਆਂ ਮੋਰੀਆਂ ਬੰਦ ਕੀਤੀਆਂ ਜਾਣੀਆਂ ਚਾਹੀਦੀਆਂ ਹਨ।
- ਆ ਰਹੀਆਂ ਸਾਰੀਆਂ ਡਲਿਵਰੀਆਂ ਨੂੰ ਚੂਹਿਆਂ ਦੇ ਪਿਸ਼ਾਬ ਜਾਂ ਬਿੱਠਾਂ ਜਾਂ ਗੰਦਗੀ ਦੀਆਂ ਨਿਸ਼ਾਨੀਆਂ ਲਈ ਚੈੱਕ ਕਰੋ। ਚੂਹਿਆਂ ਦੇ ਪਿਸ਼ਾਬ ਜਾਂ ਬਿੱਠਾਂ ਜਾਂ ਗੰਦਗੀ ਵਾਲੀਆਂ ਕੋਈ ਵੀ ਡਲਿਵਰੀਆਂ ਸਪਲਾਇਰ ਨੂੰ ਵਾਪਸ ਕੀਤੀਆਂ ਜਾਣੀਆਂ ਚਾਹੀਦੀਆਂ ਹਨ।
- ਸਾਰੇ ਖਾਣੇ ਨੂੰ ਫਰਸ਼ ਤੋਂ ਘੱਟੋ ਘੱਟ 6 ਇੰਚ ਉੱਪਰ ਸਟੋਰ ਕਰੋ ਅਤੇ ਫਰਸ਼ ਦੇ ਬਰਾਬਰ ਨੂੰ ਖੁੱਲ੍ਹਾ ਰੱਖੋ।
- ਆਪਣੇ ਸਟੌਕ ਨੂੰ ਨੇਮ ਨਾਲ ਬਦਲਦੇ ਰਹੋ ਤਾਂ ਜੋ ਕੋਈ ਵੀ ਏਰੀਏ ਲੰਮੇ ਸਮਿਆਂ ਲਈ ਬਿਨਾਂ ਹਿਲਜੁੱਲ ਦੇ ਨਾ ਰਹਿਣ।
- ਖਾਣਿਆਂ ਦੇ ਕਾਰੋਬਾਰ ਦੇ ਹਰ ਏਰੀਏ ਵਿਚ ਸਫਾਈ ਦਾ ਉਪਰਲਾ ਪੱਧਰ ਕਾਇਮ ਰੱਖੋ। ਹਰ ਦਿਨ ਦੇ ਅੰਤ ’ਤੇ ਖਾਣਿਆਂ ਦੇ ਸਾਰੇ ਸ੍ਰੋਤ ਹਟਾ ਦਿਉ (ਜਿਸ ਵਿਚ ਭੂਰ ਚੂਰ, ਕਿਰੀਆਂ ਚੀਜ਼ਾਂ, ਖਾਣਿਆਂ ਦੀ ਰਹਿੰਦ-ਖੂੰਹਦ ਆਦਿ ਸ਼ਾਮਲ ਹਨ)।
- ਚੂਹਿਆਂ ਦੇ ਖਾਤਮੇ ਅਤੇ ਨਿਗਰਾਨੀ ਦੀਆਂ ਸੇਵਾਵਾਂ ਲੈਣ ਲਈ ਕਿਸੇ ਸਰਟੀਫਾਇਡ ਪੈਸਟ ਕੰਟਰੋਲ ਕੰਪਨੀ ਨੂੰ ਰੱਖੋ। ਇਹ ਪੱਕਾ ਕਰੋ ਕਿ ਤੁਹਾਡੀ ਪੈਸਟ ਕੰਟਰੋਲ ਕੰਪਨੀ ਵਲੋਂ ਕੀਤੀਆਂ ਜਾ ਰਹੀਆਂ ਸਿਫਾਰਸ਼ਾਂ ਦੀ ਪਾਲਣਾ ਕੀਤੀ ਜਾ ਰਹੀ ਹੈ।

*ਜੇ ਚੂਹਿਆਂ ਦੀ ਭਰਮਾਰ ਇੰਨੀ ਗੰਭੀਰ ਹੋ ਜਾਵੇ ਕਿ ਖਾਣਿਆਂ ਦੀ ਸੇਫਟੀ ਦੀ ਗਰੰਟੀ ਨਾ ਦਿੱਤੀ ਜਾ ਸਕਦੀ ਹੋਵੇ ਅਤੇ/ਜਾਂ ਭਾਂਡਿਆਂ ਅਤੇ ਖਾਣਿਆਂ ਦੇ ਸਥਾਨਾਂ ਦੀ ਗੰਦਗੀ ਤੋਂ ਰੋਕਥਾਮ ਨਾ ਕੀਤੀ ਜਾ ਸਕਦੀ ਹੋਵੇ ਤਾਂ ਤੁਹਾਡੇ ਕਾਰੋਬਾਰ ਨੂੰ ਬੰਦ ਕਰਨਾ ਪੈ ਸਕਦਾ ਹੈ।*

## ਚੂਹਿਆਂ ਦੀ ਉਮਰ

ਜੇ ਇਕ ਛੋਟੀ ਸਮੱਸਿਆ ਦਾ ਹੱਲ ਨਾ ਕੀਤਾ ਜਾਵੇ ਤਾਂ ਇਹ ਤੇਜ਼ੀ ਨਾਲ ਇਕ ਵੱਡੀ ਸਮੱਸਿਆ ਬਣ ਸਕਦੀ ਹੈ। ਚੂਹੀਆਂ ਹਰ ਸਾਲ ਅੱਠ ਵਾਰੀ ਤੱਕ ਸੂਅ ਸਕਦੀਆਂ ਹਨ ਅਤੇ ਹਰ ਸੂਏ ਵਿਚ ਪੰਜ ਤੋਂ ਛੇ ਬੱਚੇ ਦੇ ਸਕਦੀਆਂ ਹਨ। ਜਨਮ ਤੋਂ ਤਿੰਨ ਮਹੀਨਿਆਂ ਬਾਅਦ, ਚੂਹੀਆਂ ਬੱਚੇ ਦੇਣ ਦੇ ਯੋਗ ਹੋ ਜਾਂਦੀਆਂ ਹਨ।

## ਚੂਹੇ ਕਿੱਥੇ ਰਹਿੰਦੇ ਹਨ

ਚੂਹੇ ਹਨੇਰੇ ਵਾਲੀਆਂ, ਨਿੱਘੀਆਂ, ਸ਼ਾਂਤ ਥਾਂਵਾਂ ਅਤੇ ਖਾਣਿਆਂ ਦੇ ਨੇੜੇ ਰਹਿਣਗੇ। ਦੋਹਰੀਆਂ ਕੰਧਾਂ ਵਿਚਲੀਆਂ ਥਾਂਵਾਂ ਅਤੇ ਕਾਊਂਟਰਾਂ ਦੇ ਹੇਠਾਂ ਬੰਦ ਕੀਤੇ ਹੋਏ ਏਰੀਏ ਅਤੇ ਸਟੋਰੇਜ ਏਰੀਏ ਉਨ੍ਹਾਂ ਦੇ ਰਹਿਣ ਲਈ ਵਧੀਆ ਥਾਂਵਾਂ ਹਨ।

ਚੂਹੇ ਰਾਤ ਨੂੰ ਜ਼ਿਆਦਾ ਸਰਗਰਮ ਹੁੰਦੇ ਹਨ ਜਦੋਂ ਹਨੇਰਾ ਹੁੰਦਾ ਹੈ ਅਤੇ ਆਲੇ ਦੁਆਲੇ ਕੋਈ ਨਹੀਂ ਹੁੰਦਾ। ਦਿਨ ਦੇ ਦੌਰਾਨ ਚੂਹਿਆਂ ਦਾ ਦਿਖਾਈ ਦੇਣਾ ਅਕਸਰ ਚੂਹਿਆਂ ਦੀ ਜ਼ਿਆਦਾ ਭਰਮਾਰ ਦਾ ਸੰਕੇਤ ਹੁੰਦਾ ਹੈ।

ਚੂਹੇ ਤਣਾਅਪੂਰਨ ਮਾਹੌਲਾਂ ਦੇ ਆਦੀ ਹੋ ਸਕਦੇ ਹਨ। ਬਹੁਤ ਜ਼ਿਆਦਾ ਗਰਮ ਜਾਂ ਠੰਢੀਆਂ ਹਾਲਤਾਂ ਦੌਰਾਨ ਆਪਣੀ ਤਾਕਤ ਬਚਾਉਣ ਲਈ ਚੂਹੇ ਮੱਠੇ ਪੈ ਸਕਦੇ ਹਨ। ਇਸ ਦੇ ਇਲਾਵਾ, ਚੂਹੇ ਪਾਣੀ ਤੋਂ ਬਿਨਾਂ ਵੀ ਜ਼ਿੰਦਾ ਰਹਿ ਸਕਦੇ ਹਨ। ਚੂਹਿਆਂ ਨੂੰ ਹਰ ਰੋਜ਼ ਸਿਰਫ ਇਕ ਜਾਂ ਦੋ ਮਿਲੀਲੀਟਰ ਪਾਣੀ ਦੀ ਲੋੜ ਹੁੰਦੀ ਹੈ, ਜਿਹੜਾ ਉਹ ਸੀਰੀਅਲਾਂ ਵਰਗੇ ਖਾਣਿਆਂ ਤੋਂ ਲੈ ਸਕਦੇ ਹਨ।

## ਚੂਹਿਆਂ ਦੀ ਭਰਮਾਰ ਦੇ ਸ੍ਰੋਤ

ਚੂਹਿਆਂ ਦੀ ਭਰਮਾਰ ਉਦੋਂ ਹੋ ਸਕਦੀ ਹੈ ਜਦੋਂ ਉਹ ਕੰਧਾਂ ਅਤੇ ਸੀਲਿੰਗਾਂ ਵਿਚਲੀਆਂ ਮੋਰੀਆਂ ਰਾਹੀਂ ਗੁਆਂਢੀ ਕਾਰੋਬਾਰਾਂ ਤੋਂ ਦਾਖਲ ਹੋ ਸਕਦੇ ਹਨ। ਡਲਿਵਰੀਆਂ ਚੂਹਿਆਂ ਦੀ ਭਰਮਾਰ ਦਾ ਇਕ ਵੱਡਾ ਸ੍ਰੋਤ ਹਨ।

## ਖਾਣੇ ਦੀ ਰੱਖਿਆ

ਸੁੱਕੇ ਖਾਣਿਆਂ ਦੀ ਸਪਲਾਈ ਨੂੰ ਜਦੋਂ ਵੀ ਸੰਭਵ ਹੋਵੇ ਚੰਗੀ ਤਰ੍ਹਾਂ ਫਿੱਟ ਹੋਣ ਵਾਲੇ ਢੱਕਣਾਂ ਨਾਲ ਮੈਟਲ, ਕੱਚ, ਜਾਂ ਪਲਾਸਟਿਕ ਦੇ ਕਨਟੇਨਰ (ਡੱਬਿਆਂ) ਵਿਚ ਰੱਖੋ।

ਹਰ ਦਿਨ ਦੇ ਸ਼ੁਰੂ ਵਿਚ ਖਾਣਿਆਂ ਦੇ ਸੰਪਰਕ ਵਿਚ ਆਉਣ ਵਾਲੀਆਂ ਥਾਵਾਂ ਨੂੰ ਸਾਫ਼ ਅਤੇ ਸੈਨੀਟਾਈਜ਼ ਕਰੋ ਤਾਂ ਜੋ ਚੂਹਿਆਂ ਦੀਆਂ ਉਨ੍ਹਾਂ ਬਿੱਠਾਂ ਅਤੇ ਪਿਸ਼ਾਬ ਨੂੰ ਹਟਾਇਆ ਜਾ ਸਕੇ ਜਿਹੜੇ ਪਿਛਲੀ ਰਾਤ ਉਨ੍ਹਾਂ ਨੇ ਕੀਤੇ ਸਨ।

ਚੂਹਿਆਂ ਦੀ ਭਰਮਾਰ ਦੀਆਂ ਨਿਸ਼ਾਨੀਆਂ ਲਈ ਥਾਂਵਾਂ ਦੀ ਨੇਮ ਨਾਲ ਇੰਸਪੈਕਸ਼ਨ ਕਰੋ ਜਿਵੇਂ ਕਿ ਬਿੱਠਾਂ ਵਾਲਾ ਜਾਂ ਖਰਾਬ ਕੀਤਾ ਗਿਆ ਖਾਣਾ।

### ਪਹਿਲੀਆਂ ਨਿਸ਼ਾਨੀਆਂ ਮਿਲਣ 'ਤੇ ਛੇਤੀ ਤੋਂ ਛੇਤੀ ਚੂਹਿਆਂ ਨੂੰ ਕੰਟਰੋਲ ਕਰਨਾ ਜ਼ਰੂਰੀ ਹੈ।

ਚੂਹਿਆਂ ਦੀ ਆਬਾਦੀ 'ਤੇ ਅਗੇਤਾ ਕੰਟਰੋਲ ਚੂਹਿਆਂ ਦੀ ਵੱਡੀ ਭਰਮਾਰ ਦੀ ਸੰਭਾਵਨਾ ਤੋਂ ਰੋਕਥਾਮ ਕਰੇਗਾ ਜਿਸ ਨੂੰ ਹਟਾਉਣਾ ਔਖਾ ਅਤੇ ਮਹਿੰਗਾ ਹੁੰਦਾ ਹੈ। ਅਸਰਦਾਰ ਕੰਟਰੋਲ ਅਤੇ ਨਿਗਰਾਨੀ ਦੀਆਂ ਸੇਵਾਵਾਂ ਲਈ ਕਿਸੇ ਸਰਟੀਫਾਇਡ ਪੈਸਟ ਕੰਟਰੋਲ ਕੰਪਨੀ ਨੂੰ ਰੱਖਣਾ ਜ਼ਰੂਰੀ ਹੈ। ਪੈਸਟ ਕੰਟਰੋਲ ਦੀਆਂ ਸੇਵਾਵਾਂ ਤੋਂ ਇਲਾਵਾ, ਆਪਣੀਆਂ ਥਾਂਵਾਂ ਵਿਚ ਚੰਗੀ ਸਫ਼ਾਈ, ਆਲੇ-ਦੁਆਲੇ ਦੀ ਸੋਧ ਅਤੇ ਰੁਕਾਵਟਾਂ ਦੇ ਸੁਮੇਲ ਦੀ ਵਰਤੋਂ ਕਰਨ ਨਾਲ, ਇਹ ਪੱਕਾ ਕਰਨ ਵਿਚ ਮਦਦ ਮਿਲੇਗੀ ਕਿ ਚੂਹਿਆਂ ਦੀ ਭਰਮਾਰ ਤੋਂ ਰੋਕਥਾਮ ਕੀਤੀ ਗਈ ਹੈ ਅਤੇ ਇਸ ਨੂੰ ਕੰਟਰੋਲ ਕੀਤਾ ਗਿਆ ਹੈ।

ਚੂਹਿਆਂ ਆਦਿ ਦੀ ਭਰਮਾਰ ਦੇ ਸੰਬੰਧ ਵਿਚ ਜੇ ਤੁਹਾਡੇ ਕੋਈ ਸਵਾਲ ਹੋਣ ਤਾਂ ਕਿਰਪਾ ਕਰਕੇ ਆਪਣੇ ਲੋਕਲ ਇਨਵਾਇਰਨਮੈਂਟਲ ਹੈਲਥ ਅਫਸਰ ਨਾਲ ਸੰਪਰਕ ਕਰੋ।

ਤੁਹਾਡਾ ਲੋਕਲ ਇਨਵਾਇਰਨਮੈਂਟਲ ਹੈਲਥ ਆਫਿਸ ਸਿਰਫ ਇਕ ਫੋਨ ਕਰਨ ਦੀ ਦੂਰੀ 'ਤੇ ਹੈ:

- ਐਬਟਸਫੋਰਡ (604) 870-7900
- ਐਗਾਸੀਜ਼ (604) 793-7160
- ਬਰਨਬੀ (604) 918-7683
- ਚਿਲੀਵੈਕ (604) 702-4950
- ਡੈਲਟਾ (604) 507-5478
- ਹੋਪ (604) 867-7630
- ਲੈਂਗਲੀ (604) 514-6121
- ਮਿਸ਼ਨ (604) 814-5515
- ਨਿਊ ਵੈੱਸਟਮਿਨਸਟਰ (604) 777-6740
- ਰਿਜ ਮੀਡੋਜ਼ (604) 476-7000
- ਸਰੀ (604) 930-5405
- ਟ੍ਰਾਈ-ਸਿਟੀਜ਼ (604) 949-7700

ਹੋਰ ਜਾਣਕਾਰੀ ਲਈ, ਜਾਂ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਆਪਣੇ ਲੋਕਲ ਇਨਵਾਇਰਨਮੈਂਟਲ ਹੈਲਥ ਸਰਵਿਸਿਜ਼ ਆਫਿਸ ਨਾਲ ਸੰਪਰਕ ਕਰੋ।

ਵੈੱਬਸਾਈਟ: www.fraserhealth.ca/your_environment/